# ਚੈਸਟਰ ਕਾਉਂਟੀ ਸਿਹਤ ਵਿਭਾਗ

CCHD

ਕਰੋਨਾਵਾਇਰਸ (ਕੋਵਿਡ-19)
ਪਾਜ਼ੀਟਿਵ ਕੋਵਿਡ-19 ਕਰਮਚਾਰੀਆਂ ਦੇ ਸਬੰਧ ਵਿਚ ਰੁਜ਼ਗਾਰਦਾਤਿਆਂ ਲਈ ਅੰਤਰਿਮ ਮਾਰਗਦਰਸ਼ਨ

ਚੈਸਟਰ ਕਾਊਂਟੀ ਸਿਹਤ ਵਿਭਾਗ, ਸਾਡੀ ਸਟੇਟ ਰਿਪੋਰਟਿੰਗ ਪ੍ਰਣਾਲੀ ਦੇ ਰਾਹੀਂ ਪਾਜ਼ੀਟਿਵ-19 ਟੈਸਟਾਂ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ। ਟੈਸਟ ਦੇ ਨਤੀਜਿਆਂ ਨੂੰ ਪ੍ਰਾਪਤ ਕਰਨ ਦੇ ਬਾਅਦ, ਸਿਹਤ ਵਿਭਾਗ ਦਾ ਅਮਲਾ ਜਾਂਚ ਸ਼ੁਰੂ ਕਰਦਾ ਹੈ।

ਜੇ ਸਿਹਤ ਵਿਭਾਗ ਦਾ ਅਮਲਾ ਇਹ ਪਤਾ ਲਗਾਉਂਦਾ ਹੈ ਕਿ ਕੰਮ ਦੀ ਥਾਂ ‘ਤੇ ਵਿਸ਼ਾਣੂੰ ਨਾਲ ਸੰਪਰਕ ਹੋਇਆ ਹੈ, ਤਾਂ ਬਿਮਾਰੀ ਦੇ ਨਿਰੀਖਕ ਰੁਜ਼ਗਾਰਦਾਤੇ ਨੂੰ ਸੂਚਿਤ ਕਰਨਗੇ। ਵਿਅਕਤੀ ਦੇ ਨਜ਼ਦੀਕੀ ਸੰਪਰਕਾਂ ਨੂੰ ਪਛਾਣਿਆ ਜਾਵੇਗਾ ਅਤੇ ਉਨ੍ਹਾਂ ਨੂੰ 14 ਦਿਨਾਂ ਲਈ ਸਵੈ-ਇਕਾਂਤਵਾਸ ਵਿਚ ਜਾਣ ਦੀ ਹਦਾਇਤ ਦਿੱਤੀ ਜਾਵੇਗੀ।

ਜੇ ਕਿਸੇ ਕਰਮਚਾਰੀ ਨੂੰ ਪਾਜ਼ੀਟਿਵ ਪਾਇਆ ਜਾਂਦਾ ਹੈ, ਤਾਂ ਕਿਸੇ ਇਮਾਰਤ ਨੂੰ ਖਾਲੀ ਕਰਨ ਦੀ ਜ਼ਰੂਰਤ ਨਹੀਂ ਹੈ; ਵੈਸੇ ਰੁਜ਼ਗਾਰਦਾਤਾ ਸਾਵਧਾਨੀ ਦੇ ਲਈ ਗਹਿਨ ਸਫ਼ਾਈ ਲਈ ਸਵੈ-ਇੱਛਕ ਤੌਰ ‘ਤੇ ਇਸਨੂੰ ਬੰਦ ਕਰਨਾ ਚੁਣ ਸਕਦਾ ਹੈ। ਚੈਸਟਰ ਕਾਊਂਟੀ ਸਿਹਤ ਵਿਭਾਗ ਦੀ ਵੈਬਸਾਈਟ ‘ਤੇ “ਸਫ਼ਾਈ ਅਤੇ ਹਾਈਜੀਨ” (Cleaning and Hygiene) ਬਟਨ ਦੇ ਅਧੀਨ ਸਫ਼ਾਈ ਸਬੰਧੀ ਮਾਰਗਦਰਸ਼ਨ ਦਿੱਤਾ ਗਿਆ ਹੈ, https://www.chesco.org/4376/Coronavirus-COVID-19

ਜਾਂਚ ਦੀ ਜਾਣਕਾਰੀ ਨੂੰ ਵੀ ਵੈਬਸਾਈਟ ‘ਤੇ ਦੇਖਿਆ ਜਾ ਸਕਦਾ ਹੈ। ਜੇ ਕਿਸੇ ਵਿਅਕਤੀ ਵਿਚ ਲੱਛਣ ਨਹੀਂ ਪਾਏ ਜਾਂਦੇ ਹਨ ਜਾਂ ਉਨ੍ਹਾਂ ਦੇ ਬਹੁਤ ਹਲਕੇ ਲੱਛਣ ਹਨ ਤਾਂ ਉਨ੍ਹਾਂ ਦੀ ਜਾਂਚ ਨਹੀਂ ਕੀਤੀ ਜਾਵੇਗੀ। ਵਿਅਕਤੀਆਂ ਨੂੰ ਸਵੈ-ਨਿਗਰਾਨੀ ਅਤੇ ਇਕਾਂਤਵਾਸ ਦੇ ਮਾਰਗਦਰਸ਼ਨ ਦੀ ਪਾਲਣਾ ਕਰਨ ਲਈ ਅਤੇ ਜੇ ਉਨ੍ਹਾਂ ਦੇ ਲੱਛਣ ਵਿਗੜਦੇ ਹਨ ਤਾਂ ਆਪਣੇ ਮੁੱਢਲੀ ਦੇਖਭਾਲ ਦੇ ਡਾਕਟਰ ਨੂੰ ਕਾੱਲ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।